**ਪੰਜਾਬ ਸਰਕਾਰ**
**ਯੋਜਨਾਬੰਦੀ ਵਿਭਾਗ**
**(ਸਥਾਨਕ ਯੋਜਨਾ ਸ਼ਾਖਾ)**

ਸੇਵਾ ਵਿਖੇ,

ਡਿਪਟੀ ਕਮਿਸ਼ਨਰ–ਕਮ ਮੈਂਬਰ ਸਕੱਤਰ,
ਜਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ,
ਜਲੰਧਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ ।

ਮੀਮੋ ਨੰ: 2/1–ਪਸਪਬ/ਸ.ਯੋ./2008/9070
ਮਿਤੀ, ਚੰਡੀਗੜ੍ਹ 12/9/2008.

**ਵਿਸ਼ਾ:–** **ਪੰਜਾਬ ਨਿਰਮਾਣ ਪ੍ਰੋਗਰਾਮ (ਜ਼ਿਲ੍ਹਾ ਪੱਧਰ) ਅਧੀਨ ਚੱਲ ਰਹੇ ਕੰਮਾਂ ਨੂੰ ਮੁਕੰਮਲ ਕਰਨ ਲਈ ਰਾਸ਼ੀ ਜ਼ਾਰੀ ਕਰਨ ਬਾਰੇ ।**

ਰਾਜਪਾਲ ਪੰਜਾਬ ਜੀ ਪਲਾਨ ਸਕੀਮ ਪੀ.ਐਮ. 1.5 'ਫਾਰਮੂਲੇਸ਼ਨ ਆਫ ਡਿਸਟ੍ਰਿਕਟ ਪਲਾਨ ਐਟ ਦਾ ਡਿਸਟ੍ਰਿਕਟ ਹੈਡ ਕੁਆਟਰਜ'– ਪੰਜਾਬ ਨਿਰਮਾਣ ਪ੍ਰੋਗਰਾਮ (ਜ਼ਿਲ੍ਹਾ ਪੱਧਰ) ਅਧੀਨ ਚੱਲ ਰਹੇ ਕੰਮਾਂ ਨੂੰ ਮੁਕੰਮਲ ਕਰਨ ਲਈ ਸਾਲ 2008–09 ਦੌਰਾਨ ਕੁੱਲ 98.80 ਲੱਖ ਰੁਪਏ (ਅਠੱਨਵੇ ਲੱਖ ਅੱਸੀ ਹਜ਼ਾਰ ਰੁਪਏ) ਦੀ ਰਾਸ਼ੀ ਹੇਠ ਦਿੱਤੇ ਵੇਰਵੇ ਅਨੁਸਾਰ ਐਲੋਕੇਟ ਕਰਨ ਅਤੇ ਇਨ੍ਹਾਂ ਕੰਮਾਂ ਤੇ 100% ਖਰਚਾ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ । ਇਹ ਰਾਸ਼ੀ ਸਾਲਾਨਾ ਯੋਜਨਾ 2008–09 ਦੀਆਂ ਓਵਰਆਲ ਪਲਾਨ ਸੇਵਿੰਗਜ ਵਿਚੋ ਮੀਟ ਕੀਤੀ ਜਾਵੇਗੀ । ਇਸ ਰਾਸ਼ੀ ਵਿੱਚ ਸਪੈਸ਼ਲ ਕੰਪੋਨੈਂਟ ਪਲਾਨ ਦਾ ਹਿੱਸਾ ਵੀ ਸ਼ਾਮਲ ਹੈ :–

| ਲੜੀ ਨੰ: | ਪਿੰਡ/ਸ਼ਹਿਰ ਦਾ ਨਾਂ | ਰਾਸ਼ੀ (ਲੱਖਾਂ ਵਿਚ) |
|---|---|---|
| 1 | ਜਲੰਧਰ | 3.284 |
| 2 | ਫਤਿਹਗੜ੍ਹ ਸਾਹਿਬ | 13.493 |
| 3 | ਲੁਧਿਆਣਾ | 66.02 |
| 4 | ਪਟਿਆਲਾ | 1.071 |
| 5 | ਫਿਰੋਜਪੁਰ | 7.262 |
| 6 | ਫਰੀਦਕੋਟ | 7.67 |
| | **ਕੁੱਲ :–** | **98.80** |

2. ਇਹ ਸੈਂਕਸ਼ਨ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ :–

(1) ਖਰਚਾ ਪਲਾਨ ਸਕੀਮ ਪੀ.ਐਮ..1.5 'ਫਾਰਮੂਲੇਸ਼ਨ ਆਫ ਡਿਸਟ੍ਰਿਕਟ ਪਲਾਨ ਐਟ ਦੀ ਡਿਸਟ੍ਰਿਕਟ ਹੈਡਕੁਆਟਰਜ਼' ਅਧੀਨ ਕੀਤਾ ਜਾਵੇਗਾ ।

(2) ਖਰਚਾ ਕੈਪੀਟਲ ਹੈਡ "5475–ਕੈਪੀਟਲ ਆਊਟਲੇਅ ਆਨ ਅਦਰ ਜਨਰਲ ਇਕਨਾਮਿਕ ਸਰਵਿਸਜ਼ –01–ਡਿਸਟ੍ਰਿਕਟ ਪਲਾਨ ਐਟ ਦੀ ਡਿਸਟ੍ਰਿਕਟ ਹੈਡਕੁਆਟਰਜ਼–112–ਸਟੈਟਿਕਸ" ਅਧੀਨ ਕੀਤਾ ਜਾਵੇਗਾ ।

(3) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿਚੋ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇਗੀ ।

(4) ਜੇਕਰ ਇਨ੍ਹਾਂ ਮੰਤਵਾਂ ਲਈ ਰਾਸ਼ੀ ਇਸ ਵਿਭਾਗ ਦੁਆਰਾ ਪਹਿਲਾਂ ਵੀ ਜ਼ਾਰੀ ਕੀਤੀ ਗਈ ਹੈ ਜਾਂ ਹੋਰ ਸਾਧਨਾਂ ਤੋ ਪ੍ਰਾਪਤ ਹੋ ਚੁੱਕੀ ਹੈ ਤਾਂ ਅਨੁਮਾਨਤ ਲਾਗਤ ਦੇ ਫਰਕ ਨੂੰ ਮੀਟ ਕਰਨ ਲਈ ਲੋੜੀਦੀ ਰਾਸ਼ੀ ਹੀ ਸਰਕਾਰੀ ਖਜ਼ਾਨੇ ਵਿਚੋ ਡਰਾਅ ਕਰਵਾਈ ਜਾਵੇ । ਰਾਸ਼ੀ ਜ਼ਾਰੀ ਕਰਨ ਤੋ ਪਹਿਲਾਂ ਕਾਰਜਕਾਰੀ ਵਿਭਾਗ ਤੋ ਇਸ ਸਬੰਧੀ ਯਕੀਨ ਕਰ ਲਿਆ ਜਾਵੇ ।

(5) ਖਰਚਾ ਪੰਜਾਬ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪਹਿਲਾਂ ਚੱਲ ਰਹੇ ਕੰਮਾਂ ਨੂੰ ਮੁਕੰਮਲ ਕਰਨ ਲਈ ਹੀ ਕੀਤਾ ਜਾਵੇਗਾ ਅਤੇ ਇਹ ਕੰਮ ਸਰਕਾਰੀ/ਲੋਕਲ ਬਾਡੀਜ਼ ਏਜੰਸੀਜ਼ ਜੋ ਕਿ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਨੂੰ ਯੋਗ ਜਾਪਣਗੀਆਂ ਰਾਂਹੀ ਲਾਗੂ ਕੀਤੇ ਜਾਣਗੇ ।

(6) ਡਿਪਟੀ ਕਮਿਸ਼ਨਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਦੇ ਮੈਬਰ ਸਕੱਤਰ ਦੀ ਕਪੈਸਟੀ ਵਿਚ ਫੰਡਾਂ ਦੀ ਯੂਟੀਲਾਈਜੇਸ਼ਨ ਅਤੇ ਰਲੀਜ ਦੇ ਖਾਤੇ ਮੇਨਟੇਨ ਕਰਨਗੇ । ਉਹ ਪਰੌਪਰ ਖਾਤੇ ਯਕੀਨੀ ਬਣਾਉਣ, ਰਲੀਜ ਕੀਤੇ ਫੰਡਾਂ ਦੀ ਯੂਟੀਲਾਈਜੇਸ਼ਨ ਅਤੇ ਯੂਟੀਲਾਈਜੇਸ਼ਨ ਸਰਟੀਫਿਕੇਟ ਯੋਜਨਾਬੰਦੀ ਵਿਭਾਗ ਨੂੰ ਸਮੇ ਸਿਰ ਭੇਜਣ ਲਈ ਜਿੰਮੇਵਾਰ ਹੋਣਗੇ ।

(7) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫ਼ਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ ।

(8) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਤੋ ਰਲੀਜ ਕੀਤੇ ਗਏ ਫੰਡਾਂ ਦੇ ਖਪਤ ਸਰਟੀਫਿਕੇਟ ਜਿੰਨੀ ਜਲਦੀ ਹੋ ਸਕੇ, ਪ੍ਰਾਪਤ ਕੀਤੇ ਜਾਣਗੇ ।

(9) ਜਿੱਥੇ ਜਰੂਰੀ ਹੋਵੇ, ਰਾਸ਼ੀ ਜ਼ਾਰੀ ਕਰਨ ਤੋ ਪਹਿਲਾਂ ਲਾਗਤ ਦੇ ਤਖਮੀਨੇ ਅਧਿਕਾਰਤ ਅਥਾਰਟੀ ਤੋ ਪ੍ਰਵਾਨ ਕਰਵਾਏ ਜਾਣਗੇ ।

ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1-ਪਸਪਬ/ਸ.ਯੋ./2008/9071-78 ਮਿਤੀ: 12/9/08

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਚੇਅਰਮੈਨ, ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਜਲੰਧਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ ।
2. ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਜੀ ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ।
3. ਵਿਸੇਸ਼ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ।
4. ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ ।
5. ਅਧੀਨ ਸਕੱਤਰ, ਵਿੱਤ ਵਿਭਾਗ (ਵਿੱਤ ਖਰਚਾ-6 ਸ਼ਾਖਾ) ਜੀ ਨੂੰ ਉਨਾਂ ਦੁਆਰਾ ਜ਼ਾਰੀ ਅੰ:ਵਿ:ਪੱ:ਨੰ: 3/18/07-1/ਵਿ.ਖ.6/2140 ਮਿਤੀ 4/9/08 ਦੇ ਸਬੰਧ ਵਿਚ ।
6. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।
7. ਮਹਾਂਲੇਖਾਕਾਰ (ਏ.ਐਡ ਈ.),ਪੰਜਾਬ, ਚੰਡੀਗੜ੍ਹ ।
8. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਪੰਜਾਬ, ਚੰਡੀਗੜ੍ਹ ।

ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 2/1-ਪਸਪਬ/ਸ.ਯੋ./2008/9079-84 ਮਿਤੀ: 12/9/08

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਜਲੰਧਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ ।
2. ਉਪ ਅਰਥ ਅਤੇ ਅੰਕੜਾ ਸਲਾਹਕਾਰ, ਜਲੰਧਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ ।
3. ਡਿਪਟੀ ਕੰਟਰੋਲਰ(ਐਫ. ਐਡ ਏ.), ਅੰਦਰੂਨੀ ਆਡਿਟ ਸੰਸਥਾ, ਜਲੰਧਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ ।
4. ਜ਼ਿਲ੍ਹਾ ਖਜ਼ਾਨਾ ਅਫ਼ਸਰ, ਜਲੰਧਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਪਟਿਆਲਾ, ਫਿਰੋਜਪੁਰ ਅਤੇ ਫਰੀਦਕੋਟ ।
5. ਆਰਥਿਕ ਸਲਾਹਕਾਰ, ਪੰਜਾਬ ਸਰਕਾਰ ।
6. ਡਾਇਰੈਕਟਰ, ਸਪੈਸਲ ਕੰਪੋਨੈਟ ਪਲਾਨ, ਭਲਾਈ ਵਿਭਾਗ, ਪੰਜਾਬ ।

ਵਿਸੇਸ਼ ਸਕੱਤਰ ਯੋਜਨਾ